www.prepp.in

UPSC CSE 2015 MAINS PAPER A DECEMBER 22, 2015 DOGRI LANGUAGE QUESTION PAPER

# DOGRI

**( Compulsory )**

Time Allowed : Three Hours

Maximum Marks : 300

## QUESTION PAPER SPECIFIC INSTRUCTIONS

**Please read each of the following instructions carefully before attempting questions**

All questions are to be attempted.

The number of marks carried by a question/part is indicated against it.

Answer must be written in DOGRI (Devanagari script) unless otherwise directed in the question.

Word limit in questions, wherever specified, should be adhered to and if answered in much longer or shorter than the prescribed length, marks may be deducted.

Any page or portion of the page left blank in the Question-cum-Answer Booklet must be clearly struck off.

www.prepp.in

Prepp
Your Personal Exams Guide

1. ख'ल्ले दिने दे विशें चा कुसै इक विशे पर लगभग 600 शब्दें च इक निबन्ध लिखो : 100

(a) युवा पीढ़ी च बधदी नाफरमानी

(b) हार जित दी पौढ़ी होंदी ऐ

(c) क्या पढ़ने दी आदत घटदी जा करदी ऐ?

(d) समाज च वैहमें प्रति लड़ाई

2. हेठ दिते गेदे गद्यांश गी ध्यानै कन्नै पढ़ो ते गद्यांश दे खंडै च पुच्छे दे सुआलें दे स्पश्ट, स्हेई ते संक्षिप्त भाशा च जवाब लिखो : 12×5=60

इक रपोट मताबक भारत दे कालजें थमां निकलने आह्ले अस्सी प्रतिशत जागत-कुड़ियां नौकरी दे काबल नेईं होंदे। पर कोई जना जेहड़ा युवा पीढ़ी दे सम्पर्क च्हा ओह इस आँकड़े कन्नै सैहमत नेईं है। नौजुआनें कन्नै गल्ल करने पर्हैत में एह् आक्खी सकना जे नब्बे फीसदी नौजुआन पीढ़ी छड़ी इस करियै बेरोजगार ऐ की जे ओह् कपटी ते गैरजिम्मेदार ऐ। जिन्दे कन्नै ओह रौंह्दे न, अपने अंदर भरोसा बनाने आस्तै ओह् मुंढै थमा गै गलत तरीके अपनान लगी पौंदे न। ओह् करना किश नेईं चांह्दे पर पैहा कमाना चांह्दे न।

एह्दा मतलब एह नेईं जे ओह् बेकार न, मते हारे शैल अंग्रेजी बोली लैंदे न ते उ'नें गी अपने पर भरोसा ऐ। उ'नें गी नमियें रिंग-टोनें दा पता ऐ, फिल्में ते चुटकलें दा पता ऐ। पर जे एह्दे कोला अग्गे-पिच्छे पुच्छो तां ओह् मेरे अल कोरियें अक्खियें कन्नै दिक्खन लगदे न। ओह् मता हारा पैहा कमाना चांह्दे न, मीडिया दा शुक्रिया ते कन्नै गै तनखाह् सर्वे बकायदगी कन्नै प्रकाशत होंदे रौंह्दे न, पर उंदे च ओह् क्षमता हैनी, जेहड़ी उस चाल्ली दा पैहा कमाने च मदद करी सकै। उंदियें डिग्रियें पर बी शक्क होन लगदा ऐ : उंदे स्नातकी च लैते गेदे विशें पर जेकर किश सुआल पुच्छे जाह्न तां मते हारे नौजुआनें कोला बलोग गै नेईं, अड़कन लगी पौंदन। जित्थुं तगर अपनी पढ़ाई दे इलावा पढ़ने दा सुआल ऐ, कोई किश नेईं पढ़दा। पर किश होर सुआल बी हैन। नैतिकता ते व्यवहार बारै, तुसें गी सबनें कोला मता शैल केह् औंदा ऐ, तुस अपना खाली समां कि'यां गजारदे ओ। तां फ्ही भरोसा लब्भने आह्ले एह् जुआन जागत कुड़ियां मिगी घनराई दी ते अस्तव्यस्त नजरी कन्नै दिक्खन लगी पौंदन ''इनें सुआलें दा में केह् जवाब देआं?''

एह् उ'नें गी दस्सने दा कोई फायदा नेईं जे एह् उंदी जिंदगी ऐ ते उ'नें मिगी अपने बारे च दस्सना चाहिदा की जे ओह् म्हेशा बने-बनाए जवाब चांह्दे न, जेहड़े ओह् आक्खियै पास होई जाह्न। ''जेकर में मते चिर अभ्यास करां, तां में सच्चें साबत करी सकना, ओह् आखदे न। इस करी युवा पीढ़ी रातो रात पाठक, गिटार वादक, मन्ने दा बल्लेबाज, इत्थूं तगर अभिनेता बनने आस्तै उत्सुक ऐ।''

में रूहान आं जे कोई इंटरव्यू लैने आह्ला मूरख गै होग जेहड़ा इंदी अद्ध-पक्की क्हानी खरीदी लैह्ग।

जि'यां जि'यां भारत अग्गे बधदा गेआ ऐ, असें बगैर सोच दे पीढ़ी पैदा कीती, जेह्दा इक्कै मकसद ऐ बगैर किश कीते अराम दी जिंदगी जीना। एह्दा मतलब ऐ जे अस बट्टूटे गै पैदा करा करनेआं, जिं'दी कोई सोच नेईं, बचनबद्धता नेईं, नैतिकता नेईं। जेकर इ'नें गी विकल्प दित्ता जा, अपना आप बचाइयै रखना जां कोई ढंगै दा कम्म करना, मते हारी युवा पीढ़ी मेह्नत नेईं करना गै पसंद करग। जेकर तुंदे च किश आदर्शवाद मन्नेआ बी जा, जिसलै के तुस जुआन ओ, तुंदी सोच दा बशक्क कोई मैहना नेईं होऐ पर तुस कुसै कारण आस्तै जरूर खड़ोना चाहगे। अजकल युवा पीढ़ी च कुसै लक्ष्य आस्तै कोई जनून नेईं है। नमीं पीढ़ी दे शैल तैयार कीते दे जवाब सुनियै में समझी सकनां जे उंदा नमां मंत्र पैहा ऐ। जेकर कोई कम्मै दी गल्ल करै तां ओह उसी दकियानुसी समझदे न।

(a) ओह् केहड़े कारण न, जिं'नें युवा पीढ़ी गी बेरोजगार बनाए दा ऐ?

(b) अज्ज दी युवा पीढ़ी लेखक कोला केह् चांहदी ऐ?

(c) लेखक मताबक अज्ज दी नमीं पीढ़ी दा मूल मकसद केह् ऐ?

(d) अज्ज युवा पीढ़ी च नमां मंत्र केह् मन्नेआ जंदा ऐ?

(e) अज्ज दी युवा पीढ़ी दा आदर्शवाद बारै केह् नज़रिया ऐ?

**3.** हेठ दित्ते दे पैह्रे दा सार लगभग इक तेहाई शब्दें च लिखो। मेहरबानी करियै सिरलेख नेईं देओ। सार अपनी भाशा च लिखों : 60

युद्धनीति ते आर्थिक कारणें करी, रक्षा दे मामले च विदेशी मुल्कें दे सरबन्धै च आत्मनिर्भरता गी हासल करना ते पर निर्भरता गी घटाना अज्ज दे समे दी जरूरत ऐ बजाय विकल्प दे। पिछले समे च सरकार ने रक्षा मामले च गोला बरूद दी फैक्टरियें दी शकल च ते ते सार्वजनिक क्षेत्र दे उपक्रम च शशस्त्र सेना दियें जरूरतें गी पूरा करने आस्तै उत्पादन क्षमता पैदा कीती। पही बी लोड़ ऐ भारती निजी क्षेत्र दी भूमिका ते रक्षा सरबन्धी उपकरणें दे उत्पादन गी बधाने दी। घरेलु उत्पादन गी प्रोत्साहित करने ते बधाने आस्तै 'भारत निर्माण' दी शकल च बड़ी म्हतवपूर्ण पैह्ल कीती गेई ऐ। रक्षा उपकरणें दे घरेलु उत्पादन दी लोड़ होर कुसै क्षेत्र कोला बड़ी बद्ध ऐ, की जे एह् छड़ी कीमती विदेली मुल्ल गी गै नेईं बचाह्ग सगुआं राश्ट्री सुरक्षा मामलें बारे बी दस्सग।

'भारत निर्माण' च सरकार इक्कला उपभोक्ता होने दे नाते रक्षाक्षेत्र च खरीद नीति द्वारा संचालन बी करग। सरकार दी नीति घरेलु रक्षा उत्पादन गी बढ़ावा देना, रक्षा अधिग्रैहण नीति च पूरी चाल्ली दस्सी गेदी ऐ। जेह्दे च तरजीह आह्ला बर्ताब खरीद गी दित्ता जाह्ग (भारती) ते खरीद ते बनाना (भारती) अधिग्रैहण दे वर्गें उप्परा खरीद (कुल संसारी) औने आह्ले दिनें च अयात बड़ा घट्ट विकल्प रेही जाह्ग ते तरजीह् भारती उत्पादन गी बधाने ते तंत्र दियें जरूरतें गी पूरा करने आस्तै दित्ती जाह्ग। इस बेल्लै बशक्क भारती कम्पनियां टैक्नालोजी दे संदर्भ च लोड़चदी क्षमता नेईं रखदियां होडन, उं'नें गी विदेशी कम्पनियें कन्नै सांझियां परियोजना बनाने ते टैक्नालोजी दा आदान-प्रदान करने आस्तै प्रोत्साहित कीता जा करदा ऐ।

घरेलु उत्पादन दे रक्षाक्षेत्र च दाखल होने आस्तै अजें तगर बड़ियां हारियां बंदशां हियां जि'यां लाइसैंस, एफ० डी० एल० नीति वगैरा। सुरक्षा उत्पादन दे क्षेत्र च, दाखले दी प्रक्रिया गी सौखा बनाने आस्तै किश नीतियां शुरू कीतियां गेइयां न। सारें कोला म्हतवपूर्ण ऐ रक्षाक्षेत्र च विदेशी लागत गी प्रोत्साहित करने आह्ली एफ० डी० एल० नीति दी उदारता आह्ली प्रणाली। लाइसैंस आह्ली नीति च बी ढिल्ल दित्ती गेई ऐ ते हुन मते हारे हिस्से, कच्चा माल, परख आह्ले उपकरण, तैयार कीतियां गेदियां मशीनां वगैरा लाइसैंस दे अधिकार-क्षेत्र चा बाह्र रखे गेदे न। कम्पनियां उं'नें चीजें गी बनाने दियां इच्छुक न जिं'दे आस्तै लाइसैंस दी लोड नेईं होंदी।

रक्षाक्षेत्र च दौनें घरेलु ते विदेशी पूंजी निवेशकें आस्तै इक बड़ा बड्डा मौका ऐ। जद के इक पास्से सरकार नीति परिवर्तन जरूरी करा करदी ऐ, खरीद ते निवेश दे संदर्भ च, जेह्दे च एफ० डी० एल० ते लाइसैंस निर्यात बी शामल ऐ ते दुए पास्से उप्पर उठ्ठने आस्तै जरूरी ऐ जे टैक्नालोजी ते निवेश दे संदर्भ च चुनौतियें गी स्वीकार करै। रक्षा ओह् क्षेत्र ऐ जेह्दे च निवेश ते टैक्नालोजी दौनें दी बड़ी मती लोड़ होंदी ऐ ते जेह्दा संचालन नमें परिवर्तन कन्नै होंदा ऐ। उद्योग गी अपनी मानसिकता गी बी बदलने दी लोड़ ऐ ते आरजी फायदें बारै सोचने दे बजाय दूर तगर दे फायदें बारै सोचने दी लोड़ ऐ असेंगी शोध ते प्रगति पर ध्यान लाने ते नमीं चाल्ली दियां चीजां बनाने दी समर्थ पर ध्यान देने दी लोड़ ऐ। इक ऐसा म्हौल

www.prepp.in

Prepp
Your Personal Exams Guide

होर बनाए जाने दी लोड़ ऐ, जेह्दे च मुल्खै दे उद्योग उबड़े उट्ठी सकन ते सार्वजनिक ते निजी ते दौनें चाल्लियें दे उद्योगें ते सबने क्षेत्रें गी इक्क-बराबरी दा मौका थ्होऐ।

**4.** खल्ल दिने दे गद्यांश दा अंग्रेजी च अनुवाद करो : 20

अरब दा मता हारा हिस्सा रेगिस्तान ऐ। अग्गे-पिच्छे किश बी नेईं, छड़ी रेत ते कुप्पड़ न। रेत इन्नी गरम होंदी ऐ जे दिनें तुस ओह्दे पर नंगे पैर नेईं तुरी सकदे। इद्धर-उद्धर रेगिस्तान च पानी दे चश्मे न जेह्ड़े जमीन दे बड़ी हेठा निकले दे होंदे न, इन्ने डूह्गे जे सूरज बी उ'नें गी सकाई नेईं सकदा। एह् चश्में बड़े घट्ट होंदे न ते बड़ी दूर होंदे न। पर जित्थे बी होंदे न, उत्थे बड़े शैल ते लम्मे-लम्मे बूह्टे होंदे न, जेह्ड़े चश्में आह्ले उस थाह्रा ठंडा, छां आह्ला ते रौंसला बनाई ओड़दे न, इस चाल्ली दे थाह्रा गी मरु उद्यान जां मरुद्वीप आखदे न।

अरब दे लोक जेह्ड़े सारा साल रेगिस्तान च रौंह्दे न, शैहरें च नेईं रौंह्दे न। ओह् तम्बुयें च रौंह्दे न, जेह्ड़े असानी कन्नै झट्ट गै लाए ते तोयारे जाई सकदे न। तां जे ओह् इक मरु उद्यान थमां दुए तगर जाई सकन। अपनियें भिड्डें, बक्करियें, ऊँटें ते घोड़े आस्तै घा ते पानी हासल करी सकन। अरब दे इस रेगिस्तान च रौह्ने आह्ले एह् लोक मिट्ठियां गुल्लां ते खजूरें दे बूह्टें पर लग्गने आह्लियां खजूरां खंदे न। ओह् उ'नें गी सकांदे बी हैन ते सारा साल खंदे न।

दुनियां च सारें कोला बधिया घोड़े अरब दे लोकें कोल होंदे न। उ'नें गी घुड़सवारी करने दा बड़ा फरवर होंदा ऐ ते ओह् उ'नें गी लगभग उन्ना गै प्यार करदे न जिन्ना अपनी लाड़ी ते बच्चें गी। अरब दे लोकें आस्तै ऊँट मता फायदेमंद होंदा ऐ बजाय उंदे खूबसूरत घोड़ें दे, फ्ही ओह् मता बड्डा ते ताकतवर बी होंदा ऐ। इक ऊँट दौं घोड़ें जां ओह्दे कोला बी मता समान लेई जाई सकदा ऐ। रेगिस्तान च केईं केईं मीलें तगर अरब अपने ऊँटै पर समान बी लददे न ते आपूं सोआरी बी करदे न, जि'यां आक्खो ओह् सच्चें गै 'रेगिस्तान दा ज्हाज' होंदा ऐ, जि'यां के आक्खेआ बी जंदा ऐ।

**5.** हेठ लिखे दे गद्यांश दा डोगरी च अनुवाद करो : 20

Language and communication are something that children learn by talking to one another. But schools consider this an act of indiscipline. Instead, we have a special grammar class to learn language! One educationist remarked, "It is nice that children spend just a few hours at school. If they spend all 24 hours in schools, they will turn out to be dumb!" In most schools, teachers talk, children listen. The same is true for other skills also. Children learn a great deal without being taught, by tinkering and pottering on their own.

Changes in the school system, if they are to be of lasting significance, must spring from the actions of teachers in their classrooms, teachers who are able to help children collectively. New programmes, new materials and even basic changes in organizational structure will not necessarily bring about healthy growth. A dynamic and vital atmosphere can develop when teachers are given the freedom and support to innovate. One must depend ultimately upon the initiative and respectfulness of such teachers and this cannot be promoted by prescribing continuously and in detail what is to be done.

www.prepp.in

Prepp
Your Personal Exams Guide

In education, we can cry too much about money. Sure, we could use more, but some of the best classrooms and schools I have seen or heard of, spend far less per pupil than the average in our schools today. We often don't spend well what money we have. We waste large sums on fancy buildings, unproductive administrative staff, on diagnostic and remedial specialists, on expensive equipment that is either not needed, or underused or badly misused, on tons of identical and dull textbooks, readers and workbooks, and now on latest devices like computers. For much less than what we do spend, we could make our classrooms into far better learning environments than most of them are today.

**6.** हेट दित्ते दे सुआलें दे उत्तर दित्ते गेदे निर्देशें मताबक करो :

*(a)* इ'नें खोआनें दी व्याख्या करो : 10

*(i)* त्रेल चट्टियै त्रेह् नेईं चुकदी।

*(ii)* सेआनें दी सिक्ख ते आमलें दा सोआद पिच्छुआं औंदा।

*(iii)* अग्गी दी सड़ी, लटटैने'शा डरदी।

*(iv)* खेती खसमै सेती।

*(b)* इ'नें मुहावरें दा वाक्यें च प्रयोग करो : 10

*(i)* अम्बर टाकी लाना

*(ii)* मन अम्बला होना

*(iii)* अक्खीं दिक्खियै मौह्रा खाना।

*(iv)* कालजे हत्थ पाना।

*(c)* ख'ल्ल दित्ते दे शब्दें दे जोड़ें गी इस चाल्ली वाक्यें च बरतो जे उंदे मझाटे दा अर्थ स्पश्ट होई जा : 10

*(i)* तां — तांह्

*(ii)* जीब — जीह्ब

*(iii)* चूरा — झूरा

*(iv)* बरदी — ब'रदी

www.prepp.in

Prepp
Your Personal Exams Guide

(d) इ[illegible]न प्रयोगें आस्तै [illegible] बरता : 10

(i) जान्नी [illegible] आह्ले

(ii) जूटे भाडें दा ढेर

(iii) रले-मिल [illegible] दा किटठ

(iv) थोड़ा न्हेरा, [illegible] लोऽ आह्ला समा

★ ★ ★

Prepp
Your Personal Exam Guide